# ਬਾਂਝ ਜਾਂ ਖੱਸੀ ਕਰਨਾ



ਕੈਟਸ ਪ੍ਰੋਟੈਕਸ਼ਨ
ਅਵੱਸ਼ਕ ਗਾਈਡਾਂ

*ਕੈਟਸ ਪ੍ਰੋਟੈਕਸ਼ਨ ਦਾ ਵਿਸ਼ਵਾਸ਼ ਹੈ ਕਿ ਤੁਹਾਡੀ ਬਿੱਲੀ ਜਾਂ ਬਿੱਲੇ ਨੂੰ ਬਾਂਝ ਜਾਂ ਖੱਸੀ ਕਰਵਾ ਲੈਣਾ, ਜਿੰਮੇਵਾਰਾਨਾ ਬਿੱਲੀ - ਮਲਕੀਅਤ ਦਾ ਇੱਕ ਜ਼ਰੂਰੀ ਹਿੱਸਾ ਹੈ।*

## ਬਾਂਝ ਜਾਂ ਖੱਸੀ ਕਰਨਾ ਕੀ ਹੈ?

ਬਾਂਝ ਜਾਂ ਖੱਸੀ ਕਰਨਾ ਇੱਕ ਸਰਜਰੀ ਵਾਲੀ ਪ੍ਰਕਿਰਿਆ ਹੈ ਜੋ ਮਾਦਾ ਬਿੱਲੀਆਂ, ਜਿੰਨ੍ਹਾਂ ਨੂੰ ਬਿੱਲੀਆਂ (ਰਾਣੀਆਂ) ਵਜੋਂ ਜਾਣਿਆਂ ਜਾਂਦਾ ਹੈ, ਨੂੰ ਗਰਭਵਤੀਆਂ ਹੋਣ ਤੋਂ ਰੋਕਦੀ ਹੈ ਅਤੇ ਨਰ ਬਿੱਲੀਆਂ ਜਿੰਨ੍ਹਾਂ ਨੂੰ ਬਿੱਲੇ (toms) ਕਿਹਾ ਜਾਂਦਾ ਹੈ, ਨੂੰ ਮਾਦਾ ਬਿੱਲੀਆਂ ਨੂੰ ਗਰਭਵਤੀਆਂ ਕਰਨ ਤੋਂ ਰੋਕਦੀ ਹੈ।

- ਇੱਕ ਮਾਦਾ ਬਿੱਲੀ ਨੂੰ ਬਾਂਝ ਕਰ ਦਿੱਤਾ ਜਾਂਦਾ ਹੈ (ਉਸਦੇ ਅੰਡ ਕੋਸ਼ਾਂ ਅਤੇ ਬੱਚੇਦਾਨੀ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ)
- ਇੱਕ ਨਰ ਬਿੱਲੀ ਯਾਨੀ ਕਿ ਬਿੱਲੇ ਨੂੰ ਖੱਸੀ ਕਰ ਦਿੱਤਾ ਜਾਂਦਾ ਹੈ (ਉਸਦੇ ਅੰਡਕੋਸ਼ਾਂ ਨੂੰ ਕੱਢ ਦਿੱਤਾ ਜਾਂਦਾ ਹੈ)

ਕੈਟਸ ਪ੍ਰੋਟੈਕਸ਼ਨ ਇਹ ਸਿਫਾਰਸ਼ ਕਰਦੀ ਹੈ ਕਿ ਤੁਹਾਨੂੰ ਘਰੇਲੂ ਬਿੱਲੀਆਂ ਨੂੰ ਚਾਰ ਮਹੀਨਿਆਂ ਦੀ ਉਮਰ ਤੋਂ ਹੀ ਖੱਸੀ ਜਾਂ ਬਾਂਝ ਕਰ ਦੇਣਾ ਚਾਹੀਦਾ ਹੈ ਪਰ ਹਰੇਕ ਬਿੱਲੀ ਵਾਸਤੇ ਤੁਹਾਨੂੰ ਪਸ਼ੂ ਚਕਿਤਸਕ ਦੀ ਸਲਾਹ ਲੈਣੀ ਚਾਹੀਦੀ ਹੈ।



# ਬਾਂਝ ਜਾਂ ਖੱਸੀ ਕਿਉਂ ਕਰੀਏ?

ਬਾਂਝ ਜਾਂ ਖੱਸੀ ਕਰਨ ਦੇ ਸਿਹਤ ਨੂੰ ਬਹੁਤ ਸਾਰੇ ਫਾਇਦੇ ਹੋਣ ਦੇ ਨਾਲ ਨਾਲ ਇਸ ਨਾਲ ਯੂ.ਕੇ. ਵਿੱਚ ਬੇਲੋੜੀਆਂ ਬਿੱਲੀਆਂ ਦੀ ਗਿਣਤੀ ਘੱਟ ਕਰਨ ਵਿੱਚ ਵੀ ਮਦਦ ਮਿਲਦੀ ਹੈ।

### ਖੱਸੀ ਕੀਤੇ ਬਿੱਲਿਆਂ:

- ਇੱਧਰ ਉੱਧਰ ਭਟਕਣ ਦੀ ਸੰਭਾਵਨਾ ਘੱਟ ਹੁੰਦੀ ਹੈ ਜਿਸ ਨਾਲ ਉਹਨਾਂ ਦੇ ਕੁਚਲੇ ਜਾਣ ਦਾ ਖਤਰਾ ਘਟ ਜਾਂਦਾ ਹੈ
- ਲੜਾਈ ਕਰਨ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ ਜਿਸ ਨਾਲ ਉਹਨਾਂ ਦੇ ਜਖਮੀ ਹੋਣ ਦਾ ਖਤਰਾ ਘਟ ਜਾਂਦਾ ਹੈ।
- ਨੂੰ ਲੜਾਈ ਰਾਹੀਂ ਗੰਭੀਰ ਬਿਮਾਰੀਆਂ, ਜਿਵੇਂ ਕਿ ਫਿਲਾਈਨ ਇਮਿਊਨੋ-ਡੈਫੀਸੈਂਸੀ ਵਾਈਰਸ (FIV) ਜਾਂ ਫਿਲਾਈਨ ਲਿਉਕੀਮੀਆ ਵਾਈਰਸ (FeLV) ਦੀ ਲਾਗ ਲੱਗਣ ਦੀ ਸੰਭਾਵਨਾ ਘਟ ਜਾਂਦੀ ਹੈ
- ਦੇ ਖਿੱਤਾਕਾਰੀ ਵਿਵਹਾਰ ਦਾ ਵਿਖਾਵਾ ਕਰਨ ਦੀ ਸੰਭਾਵਨਾ ਘੱਟ ਹੁੰਦੀ ਹੈ ਜਿਵੇਂ ਕਿ ਪਿਸ਼ਾਬ ਦਾ ਸਪਰੇਅ ਕਰਨਾ
- ਦੇ ਅੰਡਕੋਸ਼ਾਂ ਵਿੱਚ ਟਿਊਮਰ ਵਿਕਸਤ ਨਹੀਂ ਹੁੰਦੇ

### ਬਾਂਝ ਕੀਤੀਆਂ ਬਿੱਲੀਆਂ:

- ਗਰਭਵਤੀਆਂ ਹੋਣ ਅਤੇ ਬੇਲੋੜੇ ਬਲੂੰਗੜਿਆਂ ਦਾ ਇੱਜੜ ਪੈਦਾ ਕਰਨ ਦੇ ਅਯੋਗ ਹੁੰਦੀਆਂ ਹਨ

- ਅਣ-ਬਾਂਝ ਬਿੱਲੀਆਂ ਦੀ ਤਰਾਂ ਜਣਨ ਮੌਸਮ ਵਿੱਚ ਬਿੱਲਿਆਂ ਨੂੰ ਆਪਣੇ ਕੋਲ ਨਹੀਂ ਬੁਲਾਉਣਗੀਆਂ ਜਾਂ ਨਹੀਂ ਕੁਰਲਾਉਣਗੀਆਂ।
- ਨੂੰ ਫਿਲਾਈਨ ਇਮਿਊਨੋ-ਡੈਫੀਸੈਂਸੀ ਵਾਈਰਸ (FIV) ਅਤੇ ਫਿਲਾਈਨ ਲਿਊਕੀਮੀਆ ਵਾਈਰਸ (FeLV) ਜਿਹੀਆਂ ਬਿਮਾਰੀਆਂ ਲੱਗਣ ਦੀ ਸੰਭਾਵਨਾ ਘਟ ਜਾਂਦੀ ਹੈ ਜੋ ਦੰਦੀ ਵੱਢਣ ਨਾਲ ਫੈਲਦੀਆਂ ਹਨ
- ਅੰਡਕੋਸ਼ਾਂ ਜਾਂ ਬੱਚੇਦਾਨੀ ਵਿੱਚ ਟਿਊਮਰ ਵਿਕਸਤ ਕਰਨ ਦੇ ਅਯੋਗ ਹੁੰਦੀਆਂ ਹਨ
- ਵਿੱਚ ਛਾਤੀਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ - ਖਾਸ ਕਰਕੇ ਜੇ ਉਹਨਾਂ ਨੂੰ ਛੇ ਮਹੀਨੇ ਤੋਂ ਘੱਟ ਉਮਰ ਵਿੱਚ ਬਾਂਝ ਕਰ ਦਿੱਤਾ ਜਾਵੇ



# ਅਪਰੇਸ਼ਨ

ਉਸ ਦਿਨ ਤੁਹਾਡੀ ਬਿੱਲੀ ਨੂੰ ਬੇਹੋਸ਼ੀ ਦਾ ਟੀਕਾ ਲਗਾਇਆ ਜਾਵੇਗਾ, ਇਸ ਕਰਕੇ ਉਸਨੂੰ ਅਪਰੇਸ਼ਨ ਤੋਂ ਪਹਿਲਾਂ ਕੋਈ ਭੋਜਨ ਨਹੀਂ ਦਿੱਤਾ ਜਾਣਾ ਚਾਹੀਦਾ — ਤੁਹਾਡਾ ਪਸ਼ੂ ਚਕਿਤਸਕ ਇਸ ਬਾਰੇ ਤੁਹਾਨੂੰ ਸਲਾਹ ਦੇਵੇਗਾ। ਨਰ ਅਤੇ ਮਾਦਾ ਦੋਨਾਂ ਹੀ ਬਿੱਲੀਆਂ ਵਾਸਤੇ ਅਪਰੇਸ਼ਨ ਬਹੁਤ ਹੀ ਸਰਲ ਹੈ ਅਤੇ ਇਸ ਕਰਕੇ ਅਕਸਰ ਤੁਸੀਂ ਆਪਣੀ ਬਿੱਲੀ ਨੂੰ ਛੱਡ ਜਾਣ ਅਤੇ ਉਸੇ ਹੀ ਦਿਨ ਵਾਪਸ ਘਰ ਲੈ ਜਾਣ ਦੇ ਯੋਗ ਹੋਵੋਂਗੇ।

ਮਾਦਾ ਬਿੱਲੀਆਂ ਦੇ ਛੋਟੇ ਜਿਹੇ ਖੇਤਰ ਦੇ ਵਾਲ਼ ਸ਼ੇਵ ਕਰ ਦਿੱਤੇ ਜਾਣਗੇ; ਇਹ ਜੱਤ ਦੋ ਕੁ ਹਫਤਿਆਂ ਵਿੱਚ ਵਾਪਸ ਉੱਗ ਆਵੇਗੀ। ਮਾਦਾ ਬਿੱਲੀ ਦੇ ਕੁਝ ਟਾਂਕੇ ਵੀ ਲਗਾਏ ਜਾਣਗੇ। ਜੇ ਇਹ ਘੁਲਣਸ਼ੀਲ ਨਹੀਂ ਹਨ ਤਾਂ ਇਹਨਾਂ ਨੂੰ ਤੁਹਾਡੇ ਪਸ਼ੂ ਚਕਿਤਸਕ ਦੁਆਰਾ ਅਪਰੇਸ਼ਨ ਦੇ ਲੱਗਭਗ ਦਸ ਦਿਨਾਂ ਬਾਅਦ ਕੱਢ ਦਿੱਤਾ ਜਾਵੇਗਾ।

ਬਿੱਲੀਆਂ ਅਕਸਰ ਹੀ ਅਪਰੇਸ਼ਨ ਦੇ ਬਾਅਦ ਜਲਦੀ ਸਿਹਤਯਾਬ ਹੋ ਜਾਂਦੀਆਂ ਹਨ। ਜਿਵੇਂ ਜਿਵੇਂ ਤੁਹਾਡੀ ਬਿੱਲੀ ਜਾਂ ਬਿੱਲਾ ਸਿਹਤਯਾਬ ਹੁੰਦਾ ਹੈ, ਤੁਹਾਡਾ ਪਸ਼ੂ ਚਕਿਤਸਕ ਉਸਦੀ ਸਭ ਤੋਂ ਵਧੀਆ ਸੰਭਾਲ ਬਾਰੇ ਤੁਹਾਨੂੰ ਸਲਾਹ ਦੇਵੇਗਾ।

# ਇਸਤੇ ਕਿੰਨ੍ਹਾ ਕੁ ਖਰਚਾ ਆਉਂਦਾ ਹੈ?

ਅਪਰੇਸ਼ਨ ਦਾ ਖਰਚਾ ਇਸ ਗੱਲ ਤੇ ਨਿਰਭਰ ਕਰਨ ਅਨੁਸਾਰ ਵੱਧ ਘੱਟ ਹੋ ਸਕਦਾ ਹੈ ਕਿ ਤੁਸੀਂ ਦੇਸ਼ ਦੇ ਕਿਹੜੇ ਹਿੱਸੇ ਵਿੱਚ ਰਹਿੰਦੇ ਹੋ ਅਤੇ ਤੁਸੀਂ ਕਿਸ ਪਸ਼ੂ ਚਕਿਤਸਕ ਦੀ ਵਰਤੋਂ ਕਰਦੇ ਹੋ। ਕਿਸੇ ਬਿੱਲੇ ਵਾਸਤੇ ਔਸਤ ਖਰਚਾ 20 ਅਤੇ 40 ਪੌਂਡ ਦੇ ਵਿਚਕਾਰ ਹੈ ਅਤੇ ਕਿਸੇ ਬਿੱਲੀ ਵਾਸਤੇ ਔਸਤ ਖਰਚਾ 30 ਅਤੇ 60 ਪੌਂਡ ਵਿਚਕਾਰ ਹੈ। ਅਪਰੇਸ਼ਨ ਦੇ ਹੋਣ ਤੋਂ ਪਹਿਲਾਂ ਤੁਹਾਡਾ ਪਸ਼ੂ ਚਕਿਤਸਕ ਤੁਹਾਨੂੰ ਇਸਦਾ ਰੇਟ ਦੱਸਕੇ (quote) ਖੁਸ਼ ਹੋਵੇਗਾ।

ਬਾਂਝ ਜਾਂ ਖੱਸੀ ਕਰਵਾਉਣ ਦੇ ਖਰਚਿਆਂ ਵਿੱਚ ਮਦਦ ਕਰਨ ਲਈ ਕੈਟਸ ਪ੍ਰੋਟੈਕਸ਼ਨ ਉਹਨਾਂ ਬਿੱਲੀ ਮਾਲਕਾਂ ਨੂੰ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਜੋ ਸਰਕਾਰ ਤੋਂ ਮਿਲਣ ਵਾਲੇ ਭੱਤੇ ਪ੍ਰਾਪਤ ਕਰਦੇ ਹਨ ਜਾਂ ਜਿੰਨ੍ਹਾਂ ਦੀ ਆਮਦਨ ਘੱਟ ਹੈ। ਵਧੇਰੇ ਜਾਣਕਾਰੀ ਵਾਸਤੇ ਦੇਖੋ www.cats.org.uk ਜਾਂ ਫਿਰ 08702 099 099 ਤੇ ਫੋਨ ਕਰੋ।



# ਬਾਂਝ ਜਾਂ ਖੱਸੀ ਕਰਨ ਬਾਰੇ ਕੁਝ ਤੱਥ

ਬਾਂਝ ਜਾਂ ਖੱਸੀ ਕਰਨ ਬਾਰੇ ਬਹੁਤ ਸਾਰੀਆਂ ਮਿਥਾਂ ਸੁਣਨ ਨੂੰ ਮਿਲਦੀਆਂ ਹਨ। ਗਲਤਫਹਿਮੀ ਦੂਰ ਕਰਨ ਲਈ, ਏਥੇ ਉਹ ਤੱਥ ਦਿੱਤੇ ਜਾ ਰਹੇ ਹਨ:

- ਯੂ.ਕੇ. ਵਿੱਚ ਲੱਗਭਗ 2.5 ਮਿਲੀਅਨ ਆਵਾਰਾ ਬਿੱਲੀਆਂ ਰਹਿ ਰਹੀਆਂ ਹਨ
- ਇੱਕ ਅਣ-ਬਾਂਝ ਬਿੱਲੀ ਕੇਵਲ ਪੰਜ ਸਾਲਾਂ ਵਿੱਚ ਹੀ 20,000 ਉੱਤਰਾਧਿਕਾਰੀਆਂ ਵਾਸਤੇ ਜਿੰਮੇਵਾਰ ਹੋ ਸਕਦੀ ਹੈ
- ਬਿੱਲੀਆਂ ਕੇਵਲ ਚਾਰ ਮਹੀਨਿਆਂ ਦੀ ਉਮਰ ਤੋਂ ਹੀ ਕਾਮੁਕ ਤੌਰ ਤੇ ਕਿਰਿਆਸ਼ੀਲ ਹੋ ਸਕਦੀਆਂ ਹਨ
- ਬਾਂਝ ਕੀਤੇ ਜਾਣ ਤੋਂ ਪਹਿਲਾਂ ਕਿਸੇ ਬਿੱਲੀ ਵਾਸਤੇ "ਸਿਰਫ ਇੱਕ ਸੂਆ" ਫਾਇਦੇਮੰਦ ਚੀਜ਼ ਨਹੀਂ ਹੈ
- ਬਿੱਲੀਆਂ ਵਿੱਚ ਗਰਭ-ਕਾਲ (ਗਰਭਅਵਸਥਾ ਦੀ ਲੰਬਾਈ) ਕੇਵਲ ਨੌ ਹਫਤੇ ਦਾ ਹੈ, ਅਤੇ ਇੱਕ ਬਿੱਲੀ ਇੱਕ ਵਾਰ ਬੱਚੇ ਜਣਨ ਦੇ ਕੇਵਲ ਛੇ ਹਫਤਿਆਂ ਬਾਅਦ ਹੀ ਫਿਰ ਤੋਂ ਬਹਾਰ ਵਿੱਚ ਆ ਜਾਂਦੀ ਹੈ
- ਗਰਭਅਵਸਥਾ ਅਤੇ ਮਾਂ ਬਣਨਾ ਕਿਸੇ ਵੀ ਬਿੱਲੀ ਵਾਸਤੇ ਸਰੀਰਕ ਤੌਰ ਤੇ ਬਹੁਤ ਹੀ ਚੂਰ ਕਰ ਦੇਣ ਵਾਲੇ ਹੁੰਦੇ ਹਨ - ਬਾਰ ਬਾਰ ਗਰਭਵਤੀ ਹੋਣ ਦਾ ਬੁਰਾ ਪ੍ਰਭਾਵ ਪੈਂਦਾ ਹੈ
- ਬਿੱਲੀਆਂ ਅਤੇ ਬਿੱਲੇ ਆਪਣੇ ਭੈਣਾਂ ਭਰਾਵਾਂ ਨਾਲ ਵੀ ਜਿਣਸੀ ਸਬੰਧ ਕਾਇਮ ਕਰਨਗੇ
- ਇੱਕ ਬਿੱਲੀ ਸਾਲ ਵਿੱਚ ਤਿੰਨ ਸੂਏ ਦੇ ਸਕਦੀ ਹੈ ਅਤੇ ਹਰ ਵਾਰ ਸੂਣ ਸਮੇਂ ਪੰਜ ਜਾਂ ਛੇ ਬਲੂੰਗੜਿਆਂ ਨੂੰ ਜਨਮ ਦੇ ਸਕਦੀ ਹੈ ਇਸਦਾ ਮਤਲਬ ਇਹ ਹੈ ਕਿ ਹਰ ਸਾਲ ਕੇਵਲ ਇੱਕ ਬਿੱਲੀ ਦੇ ਬਲੂੰਗੜਿਆਂ ਵਾਸਤੇ ਕੈਟਸ ਪ੍ਰੋਟੈਕਸ਼ਨ ਨੂੰ 18 ਸਾਂਭਣ ਵਾਲੇ ਘਰ ਲੱਭਣੇ ਪੈਣਗੇ!

ਇਹ ਕਿਤਾਬਚਾ ਕੈਟਸ ਪ੍ਰੋਟੈਕਸ਼ਨ ਦੁਆਰਾ ਬਿੱਲੀਆਂ ਦੀ ਸੰਭਾਲ ਸਬੰਧੀ ਮੁੱਦਿਆਂ ਤੇ ਛਾਪੇ ਗਏ ਕਿਤਾਬਚਿਆਂ ਦੀ ਲੜੀ ਵਿੱਚੋਂ ਇੱਕ ਹੈ।

ਕੈਟਸ ਪ੍ਰੋਟੈਕਸ਼ਨ ਬਿੱਲੀਆਂ ਦੀ ਭਲਾਈ ਵਾਸਤੇ ਬਣੀਆਂ ਦਾਨ-ਪਾਤਰ ਸੰਸਥਾਵਾਂ (charities) ਵਿੱਚੋਂ ਇੱਕ ਮੋਹਰੀ ਸੰਸਥਾ ਹੈ ਅਤੇ ਇਹ ਹਰ ਸਾਲ ਲੱਗਭਗ 140, 000 ਬਿੱਲੀਆਂ ਅਤੇ ਬਲੂੰਗੜਿਆਂ ਦੀ ਮਦਦ ਕਰਦੀ ਹੈ। ਇਹ ਮਹੱਤਵਪੂਰਨ ਭਲਾਈ ਕਾਰਜ਼ ਵਾਸਤੇ ਅਸੀਂ ਪੂਰੀ ਤਰਾਂ ਲੋਕਾਂ ਦੀ ਕਿਰਪਾਲਤਾ ਤੇ ਨਿਰਭਰ ਕਰਦੇ ਹਾਂ।

**ਕਿਸੇ ਬਿੱਲੀ ਨੂੰ ਅਪਣਾਉਣ, ਸਾਡੇ ਸਵੈ-ਸੇਵੀ ਬਣਨ** ਜਾਂ **ਕੋਈ ਦਾਨ ਦੇਣ ਬਾਰੇ** ਵਧੇਰੇ ਜਾਣਕਾਰੀ ਵਾਸਤੇ ਇਹ ਵੈੱਬਸਾਈਟ ਦੇਖੋ: **www.cats.org.uk**

Cats Protection, National Cat Centre,
Chelwood Gate, Nr Haywards Heath RH17 7TT
ਹੈਲਪਲਾਈਨ: 08702 099 099 ਈ-ਮੇਲ: cp@cats.org.uk

ਪੰਜੀਕਿਰਤ ਚੈਰਿਟੀ 203644
EG05-2007 **ਕੋਡ: 4065**